# ✝ ਤੁਹਾਡੇ ਤੇ ਸਾਡੇ ਸਵਾਲ ਅਤੇ ਪਵਿੱਤਰ ਬਾਈਬਲ ਦੇ ਜਵਾਬ ✝ ਕਿਸ਼ਤ -21

Rev. Sam Sahota (B.A. D Hons. Canada) Email: jesuschristismylord1966@yahoo.com Tel. # (416) 782 – 0422

ਪਵਿੱਤਰ ਬਾਈਬਲ ਰਸੂਲਾਂ ਦੇ ਕਰਤੱਬ 9:1-22, 22:12-21, ਰੋਮੀਆਂ 6:3-11, ਗਲਾਤੀਆਂ 3:27-29, ਅਫ਼ਸੀਆਂ 2:19-22, 5:20, ਕੁਲੁੱਸੀਆਂ 3:11-17, ਪਹਿਲੇ ਥੱਸਲੁਨੀਕੀਆਂ 4:13-17 ਅਤੇ ਦੂਸਰੇ ਥੱਸਲੁਨੀਕੀਆਂ 1:5-12 ਵਿੱਚ ਗਵਾਹੀ ਦਿੰਦੀ ਹੈ ਕਿ ਪੌਲੁਸ ਰਸੂਲ ਨੇ ਭਗਤ ਹਨਾਨਿਯਾਹ ਦੇ ਹੱਥੋਂ ਆਪਣੇ ਵੱਡਿਆਂ (ਅਬਰਾਹਾਮ, ਇਸਹਾਕ ਅਤੇ ਯਾਕੂਬ ਅਰਥਾਤ ਇਸਰਾਏਲ) ਦੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਨਾਮ ਵਿੱਚ ਬਪਤਿਸਮਾ ਲਿਆ ਅਤੇ ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਰਾਜ ਅਤੇ ਨਾਮ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਅਤੇ ਆਖਿਆ ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ



ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਵਿੱਚ ਬਪਤਿਸਮਾ ਲਿਆ ਉਹ ਦੀ ਮੌਤ ਵਿੱਚ ਸ਼ਾਮਲ ਹੋਣ ਦਾ ਬਪਤਿਸਮਾ ਲਿਆ ? ਜਦੋਂ ਅਸੀਂ ਮਸੀਹ ਯਿਸੂ ਦੀ ਮੌਤ ਦੀ ਸਮਾਨਤਾ ਵਿੱਚ ਉਹ ਦੇ ਨਾਲ ਜੋੜੇ ਗਏ ਤਾਂ ਉਹ ਦੇ ਜੀ ਉੱਠਣ ਦੀ ਸਮਾਨਤਾ ਵਿੱਚ ਵੀ ਹੋਵਾਂਗੇ। ਕਿਉਂ ਜੋ ਤੁਸੀਂ ਜਿਨ੍ਹਿਆਂ ਨੇ ਪ੍ਰਭੂ ਯਿਸੂ ਮਸੀਹ ਜੀ ਵਿੱਚ ਬਪਤਿਸਮਾ ਲਿਆ ਹੈ ਉਨ੍ਹਿਆਂ ਨੇ ਪ੍ਰਭੂ ਯਿਸੂ ਮਸੀਹ ਜੀ ਨੂੰ ਪਹਿਨ ਲਿਆ ਹੈ। ਨਾ ਕੋਈ ਯਹੂਦੀ, ਨਾ ਯੂਨਾਨੀ, ਨਾ ਗੁਲਾਮ, ਨਾ ਅਜ਼ਾਦ, ਨਾ ਨਰ ਅਤੇ ਨਾ ਨਾਰੀ ਰਿਹਾ, ਕਿਉਂ ਜੋ ਤੁਸੀਂ ਸੱਭੇ ਪ੍ਰਭੂ ਯਿਸੂ ਮਸੀਹ ਜੀ ਵਿੱਚ ਇੱਕੋ ਹੀ ਹੋ ਅਤੇ ਜੇ ਤੁਸੀਂ ਪ੍ਰਭੂ ਯਿਸੂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਰਾਜ ਦੇ ਅਧਕਾਰੀ ਵੀ ਹੋ। ਸੋ ਹੁਣ ਤੋਂ ਤੁਸੀਂ ਉਪਰੇ ਅਤੇ ਪ੍ਰਦੇਸੀ ਨਹੀਂ ਸਗੋਂ ਸੰਤਾਂ ਦੇ ਵਤਨੀ ਅਤੇ ਪ੍ਰਮੇਸ਼ਰ ਯਿਸੂ ਮਸੀਹ ਦੇ ਘਰਾਣੇ ਦੇ ਹੋ। ਅਤੇ ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣੇ ਹੋਏ ਹੋ ਜਿਹਦੇ ਖੂੰਜੇ ਦਾ ਪੱਥਰ ਆਪ ਪ੍ਰਭੂ ਯਿਸੂ ਮਸੀਹ ਜੀ ਹੈ। ਤੁਸੀਂ ਸੱਭਨਾਂ ਗੱਲਾਂ ਲਈ ਪ੍ਰਭੂ ਯਿਸੂ ਮਸੀਹ ਜੀ ਦੇ ਨਾਮ ਵਿੱਚ ਸਦਾ ਪ੍ਰਮੇਸ਼ਰ ਅਰਥਾਤ ਪਿਤਾ ਜੀ ਦਾ ਧੰਨਵਾਦ ਕਰੋ। ਪ੍ਰਭੂ ਯਿਸੂ ਮਸੀਹ ਜੀ ਸੱਭੋ ਕੁਝ ਹੈ ਅਤੇ ਸੱਭਨਾਂ ਦੇ ਵਿੱਚ ਹੈ। ਸਭ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਭਾਵੇਂ ਕਰਮ ਸੱਭੋ ਹੀ ਪ੍ਰਭੂ ਯਿਸੂ ਮਸੀਹ ਜੀ ਦੇ ਨਾਮ ਵਿੱਚ ਕਰੋ। ਪ੍ਰਭੂ ਯਿਸੂ ਮਸੀਹ ਜੀ ਆਪ ਲਲਕਾਰੇ ਨਾਲ ਸੁਰਗੋਂ ਉੱਤਰੇਗਾ ਅਤੇ ਜਿਹੜੇ ਪ੍ਰਭੂ ਯਿਸੂ ਮਸੀਹ ਜੀ ਵਿੱਚ ਹੋ ਕੇ (ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈ ਕੇ) ਮੋਏ ਹਨ ਉਹ ਪਹਿਲਾਂ ਜੀ ਉੱਠਣਗੇ। ਤਦ ਅਸੀਂ ਜਿਹੜੇ ਜੀਉਂਦੇ ਹਾਂ ਅਤੇ ਬਾਕੀ ਰਹਿੰਦੇ ਹਾਂ ਉਨ੍ਹਾਂ ਦੇ ਨਾਲ ਹਵਾ ਵਿੱਚ ਉਹ ਦੇ ਮਿਲਣ ਨੂੰ ਬੱਦਲਾਂ ਉੱਤੇ ਉਠਾਏ ਜਾਵਾਂਗੇ ਅਤੇ ਇਸੇ ਤਰ੍ਹਾਂ ਅਸੀਂ ਸਦਾ ਪ੍ਰਭੂ ਯਿਸੂ ਮਸੀਹ ਜੀ ਦੇ ਸੰਗ ਰਹਾਂਗੇ। ਇਹ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਜਥਾਰਥ ਨਿਆਉਂ ਦਾ ਪਰਮਾਣ ਹੈ ਭਈ ਤੁਸੀਂ ਪ੍ਰਮੇਸ਼ਰ ਯਿਸੂ ਮਸੀਹ ਦੇ ਰਾਜ ਦੇ ਜੋਗ ਗਿਣੇ ਜਾਉ ਜਿਹਦੇ ਲਈ ਤੁਸੀਂ ਦੁੱਖ ਭੋਗਦੇ ਹੋ ਉਹ ਤੁਹਾਨੂੰ ਸੁੱਖ ਦੇਵੇ ਕਿਉਂ ਜੋ ਪ੍ਰਭੂ ਯਿਸੂ ਮਸੀਹ ਜੀ ਆਪਣੇ ਦੂਤਾਂ ਨਾਲ ਭੜਕਦੀ ਅੱਗ ਵਿੱਚ ਅਕਾਸ਼ੋਂ ਪ੍ਰਗਟ ਹੋਵੇਗਾ ਭਈ ਜਿਹੜੇ ਪ੍ਰਮੇਸ਼ਰ ਨੂੰ ਨਹੀਂ ਜਾਣਦੇ ਅਤੇ ਪ੍ਰਭੂ ਯਿਸੂ ਮਸੀਹ ਜੀ ਦੀ ਇੰਜ਼ੀਲ ਨੂੰ ਨਹੀਂ ਮੰਨਦੇ ਅਤੇ ਤੁਹਾਨੂੰ ਦੁੱਖ ਦਿੰਦੇ ਹਨ ਉਨ੍ਹਾਂ ਨੂੰ ਸਜ਼ਾ ਦੇਵੇ ਤਾਂ ਜੋ ਸਾਡੇ ਪ੍ਰਮੇਸ਼ਰ ਅਤੇ ਪ੍ਰਭੂ ਯਿਸੂ ਮਸੀਹ ਦੀ ਕ੍ਰਿਪਾ ਦੇ ਅਨੁਸਾਰ ਤੁਹਾਡੇ ਵਿੱਚ ਪ੍ਰਭੂ ਯਿਸੂ ਮਸੀਹ ਜੀ ਦਾ ਨਾਮ ਵੱਡਿਆਇਆ ਜਾਵੇ ਅਤੇ ਉਸ ਦੇ ਵਿੱਚ ਤੁਸੀਂ ਵੀ॥

## ਸਵਾਲ: ਕੀ ਇਹ ਸੱਚ ਹੈ ਕਿ ਪ੍ਰਭੂ ਯਿਸੂ ਮਸੀਹ ਜੀ ਆਪਣੇ ਨਾਮ ਤੋਂ ਵੱਧ ਆਪਣੇ ਬਚਨ ਨੂੰ ਵੱਡਿਆਈ ਦਿੰਦੇ ਹਨ ?

**ਜਵਾਬ:** ਜੀ ਹਾਂ ! ਪ੍ਰਭੂ ਯਿਸੂ ਮਸੀਹ ਜੀ ਨੇ ਲੂਕਾ 6:46-49 ਅਤੇ 13:22-30 ਵਿੱਚ ਆਖਿਆ ਹੈ ਕਿ ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਹਿ ਕੇ ਕਿਉਂ ਪੁਕਾਰਦੇ ਹੋ ਅਤੇ ਜੋ ਮੈਂ ਕਹਿੰਦਾ ਸੋ ਕਰਦੇ ਨਹੀਂ ? ਸੋ ਹਰੇਕ ਜੋ ਮੇਰੇ ਕੋਲ ਆਉਂਦਾ ਹੈ ਅਤੇ ਮੇਰੇ ਬਚਨ ਸੁਣ ਕੇ ਉਨ੍ਹਾਂ ਨੂੰ ਮੰਨਦਾ ਹੈ ਮੈਂ ਤੁਹਾਨੂੰ ਦੱਸਦਾ ਹਾਂ ਜੋ ਉਹ ਕਿਸ ਮਨੁੱਖ ਵਰਗਾ ਹੈ। ਉਹ ਉਸ ਮਨੁੱਖ ਵਰਗਾ ਹੈ ਜਿਹਨੇ ਘਰ ਬਣਾਉਂਦਿਆਂ ਡੂੰਘਾ ਪੁੱਟ ਕੇ ਪੱਥਰ ਉੱਤੇ ਨੀਉਂ ਧਰੀ ਅਤੇ ਜਾਂ ਮੀਂਹ ਵਰ੍ਹਿਆ ਅਤੇ ਹੜ੍ਹ ਆਏ ਅਤੇ ਉਸ ਨੂੰ ਧੱਕਾ ਮਾਰਿਆ ਪਰ ਉਹ ਘਰ ਨਾ ਡਿੱਗਿਆ। ਤਦ ਯਹੂਦੀਆਂ ਵਿੱਚੋਂ ਇੱਕ ਨੇ ਪ੍ਰਭੂ ਯਿਸੂ ਨੂੰ ਆਖਿਆ, ਪ੍ਰਭੂ ਜੀ ਜਿਹੜੇ ਮੁਕਤੀ ਪਾਉਂਦੇ ਹਨ ਕੀ ਉਹ ਵਿਰਲੇ ਹਨ ? ਤਾਂ ਪ੍ਰਭੂ ਯਿਸੂ ਜੀ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਭੀੜੇ ਬੂਹੇ ਤੋਂ ਵੜਨ ਦਾ ਵੱਡਾ ਯਤਨ ਕਰੋ ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਕਿ ਬਥੇਰੇ ਵੜਨ ਨੂੰ ਚਾਹੁਣਗੇ ਪਰ ਵੜ ਨਾ ਸੱਕਣਗੇ। ਜਦੋਂ ਘਰ ਦਾ ਮਾਲਕ ਉੱਠ ਕੇ ਬੂਹਾ ਬੰਦ ਕਰ ਦੇਵੇ ਅਤੇ ਤੁਸੀਂ ਬਾਹਰ ਖੜੇ ਏਹ ਕਹਿ ਕੇ ਬੂਹਾ ਖੜਕਾਉਣ ਲੱਗੋਗੇ ਕਿ ਹੇ ਪ੍ਰਭੂ ਸਾਡੇ ਲਈ ਖੋਲ੍ਹੋ ! ਉਹ ਤੁਹਾਨੂੰ ਉੱਤਰ ਦੇਵੇਗਾ ਭਈ ਮੈਂ ਤੁਹਾਨੂੰ ਨਹੀਂ ਜਾਣਦਾ ਜੋ ਤੁਸੀਂ ਕਿੱਥੋਂ ਦੇ ਹੋ। ਤਦ ਤੁਸੀਂ ਆਖਣ ਲੱਗੋਗੇ ਕਿ ਅਸਾਂ ਤੇਰੇ ਅੱਗੇ ਖਾਧਾ ਪੀਤਾ ਅਤੇ ਤੈਂ ਸਾਡੇ ਚੌਂਕਾਂ ਵਿੱਚ ਉਪਦੇਸ਼ ਦਿੱਤਾ ਹੈ। ਫੇਰ ਉਹ ਬੋਲੇਗਾ, ਮੈਂ ਤੁਹਾਨੂੰ ਆਖਦਾ ਹਾਂ ਭਈ ਮੈਂ ਨਹੀਂ ਜਾਣਦਾ ਜੋ ਤੁਸੀਂ ਕਿੱਥੋਂ ਦੇ ਹੋ, ਹੇ ਸਭ ਕੁਕਰਮੀਓ, ਮੇਰੇ ਕੋਲੋਂ ਦੂਰ ਹੋ ਜਾਓ। ਮੱਤੀ 7:21-27, ਯੂਹੰਨਾ 14:15, 14:21-23 ਅਤੇ ਲੂਕਾ 10:17-22 ਵਿੱਚ ਆਪਣੇ ਚੇਲਿਆਂ ਨੂੰ ਚੇਤਾਵਨੀ ਦਿੱਤੀ ਕਿ ਨਾ ਹਰ ਕੋਈ ਜੋ ਮੈਨੂੰ ਪ੍ਰਭੂ ! ਪ੍ਰਭੂ ਕਹਿੰਦਾ ਹੈ ਸੁਰਗ ਦੇ ਰਾਜ ਵਿੱਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚਲਦਾ ਹੈ। ਉਸ ਦਿਨ ਅਨੇਕ ਮੈਨੂੰ ਆਖਣਗੇ, ਹੇ ਪ੍ਰਭੂ ! ਹੇ ਪ੍ਰਭੂ ! ਕੀ ਅਸਾਂ ਤੇਰਾ ਨਾਮ ਲੈ ਕੇ ਅਗੰਮਵਾਕ ਨਹੀਂ ਕੀਤਾ ? ਅਤੇ ਤੇਰਾ ਨਾਮ ਲੈ ਕੇ ਭੂਤ ਨਹੀਂ ਕੱਢੇ ? ਅਤੇ ਤੇਰਾ ਨਾਮ ਲੈ ਕੇ ਬਹੁਤੀਆਂ ਕਰਾਮਾਤਾਂ ਨਹੀਂ ਕੀਤੀਆਂ ? ਤਦ ਮੈਂ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ। ਹੇ ਬੁਰਿਆਰੋ, ਮੇਰੇ ਕੋਲੋਂ ਚੱਲੇ ਜਾਓ ! ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ। ਜਿਹਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਨਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਕਰਦਾ ਹੈ। ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਨੂੰ ਮੇਰਾ ਪਿਤਾ ਪਿਆਰ ਕਰੇਗਾ ਅਤੇ ਅਸੀਂ ਉਹ ਦੇ ਕੋਲ ਆਵਾਂਗੇ ਅਤੇ ਉਹ ਦੇ ਨਾਲ ਵਾਸ ਕਰਾਂਗੇ। ਪ੍ਰਭੂ ਯਿਸੂ ਮਸੀਹ ਨੇ ਸੱਤਰ ਹੋਰ ਵੀ ਠਹਿਰਾਏ ਅਤੇ ਹਰ ਥਾਂ ਜਿੱਥੇ ਆਪ ਜਾਣ ਵਾਲਾ ਸੀ ਉਨ੍ਹਾਂ ਨੂੰ ਦੋ ਦੋ ਕਰਕੇ ਘੱਲਿਆ ਅਤੇ ਉਨ੍ਹਾਂ ਨੂੰ ਆਖਿਆ, ਜਾਓ ਵੇਖੋ, ਮੈਂ ਤੁਹਾਨੂੰ ਲੇਲਿਆਂ ਵਾਂਗੂੰ ਬਘਿਆੜਾਂ ਦੇ ਵਿੱਚ ਭੇਜਦਾ ਹਾਂ। ਜਿਸ ਨਗਰ ਵਿੱਚ ਤੁਸੀਂ ਵੜੋ ਅਤੇ ਉਹ ਤੁਹਾਨੂੰ ਕਬੂਲ ਕਰਨ ਤਦ ਜੋ ਕੁਝ ਤੁਹਾਡੇ ਅੱਗੇ ਰੱਖਿਆ ਜਾਵੇ ਸੋ ਖਾਓ ਅਤੇ ਉੱਥੇ ਦੇ ਰੋਗੀਆਂ ਨੂੰ ਚੰਗਾ ਕਰੋ ਅਤੇ ਉਨ੍ਹਾਂ ਨੂੰ ਕਹੋ ਭਈ ਪ੍ਰਮੇਸ਼ਰ ਦਾ ਰਾਜ ਤੁਹਾਡੇ ਨੇੜੇ ਆ ਗਿਆ ਹੈ। ਉਹ ਸੱਤਰ ਗਏ ਅਤੇ ਅਨੰਦ ਨਾਲ ਮੁੜੇ ਅਤੇ ਬੋਲੇ, ਪ੍ਰਭੂ ਜੀ ਤੇਰੇ ਨਾਮ ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ ! ਪ੍ਰਭੂ ਯਿਸੂ ਮਸੀਹ ਜੀ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਵੇਖੋ, ਮੈਂ ਤੁਹਾਨੂੰ ਸੱਪਾਂ ਅਤੇ ਠੂੰਹਿਆਂ ਦੇ ਲਤਾੜਨ ਦਾ ਅਤੇ ਵੈਰੀ ਦੀ ਸਾਰੀ ਸ਼ਕਤੀ ਉੱਤੇ ਇਖ਼ਤਿਆਰ ਦਿੱਤਾ ਹੈ ਅਤੇ ਕੋਈ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ। ਪਰ ਇਸ ਤੋਂ ਅਨੰਦ ਨਾ ਹੋਵੋ ਭਈ ਭੂਤ ਤੁਹਾਡੇ ਵੱਸ ਵਿੱਚ ਹਨ ਇਸ ਤੋਂ ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ। ਸੋ ਯਾਦ ਰੱਖੋ, ਪ੍ਰਭੂ ਯਿਸੂ ਮਸੀਹ ਜੀ ਆਪਣੇ ਉਪਰੋਕਤ ਬਚਨਾਂ ਵਿੱਚ ਚੇਤਾਵਨੀ ਦਿੰਦੇ ਹੈ ਕਿ ਜੇਕਰ ਤੁਸੀਂ ਮੇਰੇ ਸਾਰੇ ਬਚਨਾਂ ਦੀ ਪਾਲਣਾ ਨਾ ਕਰੋ ਤਾਂ ਤੁਸੀਂ ਕਿਸੇ ਬਿਧ ਵੀ ਚਮਤਕਾਰੀ ਕੰਮਾਂ ਦੇ ਨਾਲ ਆਪਣੇ ਪਾਪਾਂ ਤੋਂ ਛੁੱਟਕਾਰਾ ਨਹੀਂ ਪਾ ਸੱਕਦੇ ਭਾਵੇਂ ਤੁਸੀਂ ਮੈਨੂੰ ਲੱਖ ਵਾਰ ਪ੍ਰਭੂ, ਪ੍ਰਭੂ ਆਖੋ ਅਤੇ ਮੇਰਾ ਨਾਮ ਲੈ ਕੇ ਅਗੰਮਵਾਕ ਕਰੋ ਅਤੇ ਭੂਤਾਂ ਨੂੰ ਕੱਢੋ ਅਤੇ ਬਹੁਤੀਆਂ ਕਰਾਮਾਤਾਂ ਕਰੋ॥

## ਸਵਾਲ: ਕੀ ਇਹ ਸੱਚ ਹੈ ਕਿ ਸਭ ਨਬੀ ਪ੍ਰਭੂ ਯਿਸੂ ਮਸੀਹ ਜੀ ਦੇ ਉੱਤੇ ਸਾਖੀ ਦਿੰਦੇ ਹਨ ਭਈ ਜੋ ਕੋਈ ਪ੍ਰਭੂ ਯਿਸੂ ਮਸੀਹ ਜੀ ਦੇ ਉੱਤੇ ਨਿਹਚਾ ਕਰੇ ਸੋ ਕੋਈ "ਪ੍ਰਭੂ ਯਿਸੂ ਮਸੀਹ ਦੇ ਨਾਮ" ਕਰਕੇ ਆਪਣੇ ਪਾਪਾਂ ਤੋਂ ਮਾਫ਼ੀ ਪਾਵੇਗਾ ?

**ਜਵਾਬ:** ਜੀ ਹਾਂ ! ਪਵਿੱਤਰ ਬਾਈਬਲ ਲੂਕਾ 1:26-35, 2:8-21, ਮੱਤੀ 1:18-25, ਯੂਹੰਨਾ 1:1-3, 1:9-18 ਅਤੇ 3:11-18 ਵਿੱਚ ਲਿਖਿਆ ਹੈ ਕਿ ਪ੍ਰਭੂ ਦੇ ਦੂਤ ਜਿਬਰਾਏਲ ਨੇ ਮਰੀਅਮ ਨੂੰ ਜੋ ਇੱਕ ਧਰਮੀ ਅਤੇ ਕੁਆਰੀ ਇਸਤਰੀ ਸੀ ਦੇ ਕੋਲ ਅੰਦਰ ਆ ਕੇ ਆਖਿਆ ਕਿ ਵਧਾਈਓ ! ਪ੍ਰਭੂ ਤੇਰੇ ਨਾਲ ਹੈ। ਨਾ ਡਰ ਕਿਉਂ ਜੋ ਤੇਰੇ ਉੱਤੇ ਪ੍ਰਮੇਸ਼ਰ ਦੀ ਕ੍ਰਿਪਾ ਹੋਈ ! ਵੇਖ, ਤੂੰ ਗਰਭਵਤੀ ਪਾਈ ਜਾਵੇਂਗੀ ਅਤੇ ਪੁੱਤਰ ਨੂੰ ਜਨਮ ਦੇਵੇਂਗੀ ਅਤੇ ਉਹ ਦਾ ਨਾਮ "ਯਿਸੂ" ਰੱਖਣਾ। ਉਹ ਪਵਿੱਤਰ ਅਤੇ ਪ੍ਰਮੇਸ਼ਰ ਦਾ ਪੁੱਤਰ ਸਦਾਵੇਗਾ। ਪ੍ਰਭੂ ਦੇ ਇੱਕ ਦੂਤ ਨੇ ਸੁਫਨੇ ਵਿੱਚ ਯੂਸਫ ਨੂੰ ਦਰਸ਼ਨ ਦੇ ਕੇ ਕਿਹਾ, ਹੇ ਯੂਸਫ, ਦਾਊਦ ਦੇ ਪੁੱਤਰ, ਤੂੰ ਆਪਣੀ ਪਤਨੀ ਮਰਿਅਮ ਨੂੰ ਆਪਣੇ ਘਰ ਲਿਆਉਣ ਤੋਂ ਨਾ ਡਰ ਕਿਉਂਕਿ ਜਿਹੜਾ ਉਹ ਦੀ ਕੁੱਖ ਵਿੱਚ ਆਇਆ ਹੈ ਉਹ ਪਵਿੱਤਰ ਆਤਮਾ ਤੋਂ ਹੈ ਅਤੇ ਉਹ ਪੁੱਤਰ ਨੂੰ ਜਨਮ ਦੇਵੇਗੀ ਅਤੇ ਤੂੰ ਉਹ ਦਾ ਨਾਮ "ਯਿਸੂ" ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ। ਦੂਤ ਨੇ ਅਯਾਲੀਆਂ ਨੂੰ ਆਖਿਆ, ਮੈਂ ਤੁਹਾਨੂੰ ਵੱਡੀ ਖੁਸ਼ੀ ਦੀ ਖਬਰ ਸੁਣਾਉਂਦਾ ਹਾਂ ਜੋ ਸਾਰੀ ਪਰਜਾ ਲਈ ਹੋਵੇਗੀ। ਵੇਖੋ ਦਾਊਦ ਦੇ ਨਗਰ ਬੈਤਲਹਮ ਵਿੱਚ ਅੱਜ ਤੁਹਾਡੇ ਲਈ ਇੱਕ ਮੁੱਕਤੀਦਾਤਾ ਪੈਦਾ ਹੋਇਆ ਜਿਹੜਾ "ਮਸੀਹ ਪ੍ਰਭੂ" ਹੈ। ਜਾਂ ਜਗਤ ਦੇ ਮੁੱਕਤੀਦਾਤਾ ਦੇ ਜਨਮ ਦੇ ਅੱਠ ਦਿਨ ਹੋਏ ਤਾਂ "ਮਸੀਹ ਪ੍ਰਭੂ (ਯਹੋਵਾਹ ਪ੍ਰਮੇਸ਼ਰ) ਜੀ ਦਾ ਨਾਮ "ਯਿਸੂ" ਰੱਖਿਆ ਗਿਆ। ਰਸੂਲਾਂ ਦੇ ਕਰਤੱਬ 4:12 ਅਤੇ 10:43-48 ਵਿੱਚ ਲਿਖਿਆ ਹੈ ਕਿਉਂ ਜੋ ਕਿਸੇ ਦੂਏ ਤੋਂ ਮੁਕਤੀ ਨਹੀਂ, ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ। ਯਹੂਦੀ ਅਤੇ ਯੂਨਾਨੀ ਵਿੱਚ ਤਾਂ ਕੁੱਝ ਭਿੰਨ ਭੇਦ ਨਹੀਂ ਹੈ ਇਸ ਲਈ ਜੋ ਪ੍ਰਭੂ ਯਿਸੂ ਮਸੀਹ ਹੀ ਸਭਨਾਂ ਦਾ "ਪ੍ਰਭੂ" ਹੈ ਅਤੇ ਜਿਹੜੇ ਉਹ ਦਾ ਨਾਮ ਲੈਂਦੇ ਹਨ ਵੱਡਾ ਦਾਤਾਰ ਹੈ। ਪ੍ਰਭੂ ਯਿਸੂ ਮਸੀਹ ਦੇ ਉੱਤੇ ਸਭ ਨਬੀ ਸਾਖੀ ਦਿੰਦੇ ਹਨ ਕਿ ਜੋ ਕੋਈ ਪ੍ਰਭੂ ਯਿਸੂ ਦੇ ਉੱਤੇ ਨਿਹਚਾ ਕਰੇ ਸੋ ਕੋਈ "ਉਹ ਦੇ ਨਾਮ" ਕਰਕੇ ਪਾਪਾਂ ਦੀ

ਮਾਫ਼ੀ ਪਾਵੇਗਾ। ਬਿਵਸਥਾਸਾਰ 6:4–9, 32:6, ਜ਼ਕਰਜਾਹ 11:12–13 ਅਤੇ ਮਲਾਕੀ 2:10 ਵਿੱਚ ਲਿਖਿਆ ਹੈ, ਕੀ ਯਹੋਵਾਹ ਤੁਹਾਡਾ ਪਿਤਾ ਨਹੀਂ ਜਿਸ ਨੇ ਤੁਹਾਨੂੰ ਮੁੱਲ ਲਿਆ, ਬਣਾਇਆ ਅਤੇ ਕਾਇਮ ਕੀਤਾ ? ਕੀ ਅਸਾਂ ਸਾਰਿਆਂ ਦਾ ਇੱਕੋ ਪਿਤਾ ਨਹੀਂ ਅਤੇ ਕੀ ਇੱਕੋ ਹੀ ਪ੍ਰਮੇਸ਼ਰ ਨੇ ਸਾਨੂੰ ਨਹੀਂ ਸਾਜਿਆ। ਫੇਰ ਕਿਉਂ ਅਸੀਂ ਆਪਣੇ ਪਿਉਦਾਦਿਆਂ ਦੇ ਨੇਮ ਨੂੰ ਪਲੀਤ ਕਰਦੇ ਹਾਂ ? ਰਸੂਲਾਂ ਦੇ ਕਰਤੱਬ 20:28, ਕੁਰਿੰਥੀਆਂ 6:9–11 ਅਤੇ ਅਫ਼ਸੀਆਂ 2:19–22 ਵਿੱਚ ਲਿਖਿਆ ਹੈ ਕਿ ਤੁਸੀਂ ਆਪਣੀ ਨਾਲੇ ਉਸ ਸਾਰੇ ਇੱਜੜ ਦੀ ਦੇਖ਼ਭਾਲ ਕਰੋ ਜਿਹਦੇ ਉੱਤੇ ਪਵਿੱਤ੍ਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ ਜੋ ਪ੍ਰਮੇਸ਼ਰ ਦੀ ਕਲੀਸਿਯਾ (Church of God) ਦੀ ਚਰਵਾਹੀ ਕਰੋ ਜਿਹਨੂੰ ਪ੍ਰਮੇਸ਼ਰ (God) ਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ। ਧੋਖਾ ਨਾ ਖਾਉ ! ਸਭ ਬੇਪਰਤੀਤੇ, ਕੁਧਰਮੀ, ਮੂਰਤੀਪੂਜਕ, ਹਰਾਮਕਾਰ, ਜ਼ਨਾਹਕਾਰ, ਜ਼ਨਾਨੜੇ, ਮੁੰਡੇਬਾਜ਼, ਝੂੱਠੇ, ਲੋਭੀ, ਚੋਰ, ਲੁਟੇਰੇ, ਗਾਲਾਂ ਕੱਢਣ ਵਾਲੇ, ਨਸ਼ੇਬਾਜ਼, ਨਾਚ ਰੰਗਾਂ ਵਿੱਚ ਮਸਤ ਅਤੇ ਮਾੜੀਆਂ ਗੱਲਾਂ ਦੀ ਕਾਮਨਾਂ ਕਰਨ ਵਾਲੇ ਪ੍ਰਮੇਸ਼ਰ ਯਿਸੂ ਮਸੀਹ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ ? ਤੁਹਾਡੇ ਵਿੱਚੋਂ ਕਈਕੁ ਏਹੋ ਜਿਹੇ ਸਨ ਪਰ ਪ੍ਰਭੂ ਯਿਸੂ ਮਸੀਹ ਜੀ ਦੇ ਨਾਮ ਤੋਂ ਅਤੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਤੇ ਪਵਿੱਤਰ ਕੀਤੇ ਗਏ ਅਤੇ ਧਰਮੀ ਠਹਿਰਾਏ ਗਏ। ਸੋ ਹੁਣ ਤੋਂ ਤੁਸੀਂ ਉਪਰੇ ਅਤੇ ਪ੍ਰਦੇਸੀ ਨਹੀਂ ਸਗੋਂ ਸੰਤਾਂ ਦੇ ਵਤਨੀ ਅਤੇ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਘਰਾਣੇ ਦੇ ਹੋ। ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣੇ ਹੋਏ ਹੋ ਜਿਹਦੇ ਖੂੰਜੇ ਦਾ ਪੱਥਰ ਆਪ ਪ੍ਰਭੂ ਯਿਸੂ ਮਸੀਹ ਜੀ ਹੈ॥

## ਸਵਾਲ: ਕੀ ਸੱਚਮੁਚ ਯਹੋਵਾਹ ਪ੍ਰਮੇਸ਼ਰ ਪਿਤਾ ਅਤੇ ਪੁੱਤਰ ਅਤੇ ਪਵਿੱਤ੍ਰ ਆਤਮਾ ਜੀ ਦਾ ਨਾਮ “ਯਿਸੂ ਮਸੀਹ” ਹੈ?

**ਜਵਾਬ:** ਜੀ ਹਾਂ ! ਪਵਿੱਤਰ ਬਾਈਬਲ ਯੂਹੰਨਾ 1:1–3, 1:6–18, 3:11–18 ਅਤੇ 8:12 ਵਿੱਚ ਲਿਖਿਆ ਹੈ ਕਿ ਸੱਚਾ ਚਾਨਣ ਜਿਹੜਾ ਹਰੇਕ ਮਨੁੱਖ ਨੂੰ ਉਜਾਲਾ ਕਰਦਾ ਹੈ ਜਗਤ ਵਿੱਚ ਆਉਣ ਵਾਲਾ ਸੀ। ਉਹ ਜਗਤ ਵਿੱਚ ਸੀ ਅਤੇ ਜਗਤ ਉਸ ਤੋਂ ਰੱਚਿਆ ਗਿਆ ਪਰ ਜਗਤ ਨੇ ਉਸ ਨੂੰ ਨਾ ਪਛਾਣਿਆ। ਉਹ ਆਪਣੇ ਘਰ ਆਇਆ ਅਤੇ ਜਿਹੜੇ ਉਹ ਦੇ ਆਪਣੇ ਸਨ ਉਨ੍ਹਾਂ ਨੇ ਉਸ ਨੂੰ ਕਬੂਲ ਨਾ ਕੀਤਾ। ਪਰ ਜਿੰਨਿਆਂ ਨੇ ਜਗਤ ਦੇ ਸੱਚੇ ਨੂਰ ਸਿਰਜਣਹਾਰ ਪ੍ਰਭੂ ਯਿਸੂ ਮਸੀਹ ਜੀ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪ੍ਰਮੇਸ਼ਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ “ਉਸ ਦੇ ਨਾਮ” ਉੱਤੇ ਨਿਹਚਾ ਕੀਤੀ। ਪਹਿਲੇ ਪਤਰਸ 1:10–17, ਯਸਾਯਾਹ 45:21–25 ਅਤੇ ਫਿਲਿੱਪੀਆਂ 2:5–11 ਵਿੱਚ ਲਿਖਿਆ ਹੈ ਕਿ ਜਗਤ ਦੇ ਸੱਚੇ ਨੂਰ ਸਿਰਜਣਹਾਰ ਪ੍ਰਮੇਸ਼ਰ ਪਿਤਾ ਜੀ ਦੇ ਪਵਿੱਤਰ ਪੁਰਖ ਦੇ ਜਿਸਮ ਵਿੱਚ ਦੇਹਧਾਰੀ ਹੋ ਕੇ ਜਗਤ ਵਿੱਚ ਆਉਣ ਤੋਂ ਪਹਿਲਾਂ ਦੇ ਉਨ੍ਹਾਂ ਨਬੀਆਂ (ਮੂਸਾ ਤੋਂ ਯੂਹੰਨਾ ਤੀਕੁਰ) ਜਿਨ੍ਹਾਂ ਨੇ ਇਸੇ ਮੁਕਤੀ ਦੀ ਕ੍ਰਿਪਾ ਦੇ ਵਿਖੇ ਜੋ ਤੁਹਾਡੇ ਉੱਤੇ ਹੋਣ ਵਾਲੀ ਸੀ ਅਗੰਮਵਾਕ ਕੀਤਾ “ਵਿੱਚ ਮਸੀਹ ਦਾ ਆਤਮਾ ਸੀ ” ਜਿਹੜਾ ਮਸੀਹ ਦੇ ਦੁੱਖਾਂ ਅਤੇ ਉਨ੍ਹਾਂ ਦੇ ਪਿੱਛੋਂ ਉਸ ਦੀ ਮਹਿਮਾ ਦੇ ਵਿਖੇ ਅੱਗੋਂ ਹੀ ਸਾਖ਼ੀ ਦਿੰਦਾ ਸੀ। ਤੁਹਾਡਾ ਸੁਭਾਹ ਉਹੋ ਹੋਵੇ ਜੋ ਮਸੀਹ ਦਾ ਭੀ ਸੀ ਭਈ ਪ੍ਰਭੂ ਯਿਸੂ ਮਸੀਹ ਜੀ ਨੇ ਪ੍ਰਮੇਸ਼ਰ ਦੇ ਸਰੂਪ ਵਿੱਚ ਹੋ ਕੇ ਪ੍ਰਮੇਸ਼ਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ ਸਗੋਂ ਪ੍ਰਮੇਸ਼ਰ ਯਿਸੂ ਮਸੀਹ ਜੀ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ। ਮਨੁੱਖ ਦੀ ਸ਼ਕਲ ਵਿੱਚ ਪ੍ਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਸਲੀਬੀ ਮੌਤ ਤਾਈਂ ਵਫ਼ਾਦਾਰ ਬਣਿਆ। ਇਸ ਕਾਰਨ ਪ੍ਰਮੇਸ਼ਰ ਨੇ ਵੀ ਉਸ ਨੂੰ ਅੱਤ ਉੱਚਿਆ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜੋ ਸਭਨਾਂ ਨਾਵਾਂ ਤੋਂ ਉੱਤਮ ਹੈ ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉੱਤਲਿਆਂ, ਧਰਤੀ ਉੱਤਲਿਆਂ ਅਤੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ ਅਤੇ ਹਰ ਜ਼ਬਾਨ ਪ੍ਰਮੇਸ਼ਰ ਪਿਤਾ ਦੀ ਵੱਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ। ਇਹ ਸੱਭ ਇਸ ਲਈ ਹੋਇਆ ਹੈ ਤਾਂ ਜੋ ਸਿਰਜਣਹਾਰ ਯਹੋਵਾਹ ਪ੍ਰਮੇਸ਼ਰ ਜੀ ਯਸਾਯਾਹ 7:14 ਅਤੇ 9:6–7 ਵਿੱਚ ਆਪਣਾ ਪਹਿਲਾਂ ਕੀਤਾ ਵਾਇਦਾ ਪੂਰਾ ਕਰੇ ਕਿ ਇੱਕ ਕੁਆਰੀ ਗਰਭਵਤੀ ਹੋਵੇਗੀ ਅਤੇ ਪੁੱਤਰ ਨੂੰ ਜਨਮ ਦੇਵੇਗੀ ਅਤੇ ਉਹ ਉਸ ਦਾ ਨਾਮ ਇੰਮਾਨੂਏਲ (ਰੱਬ ਸਾਡੇ ਸਾਥ) ਰੱਖੇਗੀ। ਅਤੇ ਸਾਡੇ ਲਈ ਇੱਕ ਬਾਲਕ ਜੰਮਿਆ ਅਤੇ ਸਾਨੂੰ ਇੱਕ ਪੁੱਤਰ ਬਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, ਅਚਰਜ, ਸਲਾਹੂ, ਸ਼ਕਤੀਮਾਨ ਪ੍ਰਮੇਸ਼ਰ, ਸਦੀਪਕ ਪਿਤਾ, ਸ਼ਾਂਤੀ ਦਾ ਰਾਜ ਕੁਮਾਰ। ਸੋ ਸੱਚਮੁਚ ਯਹੋਵਾਹ ਪ੍ਰਮੇਸ਼ਰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਜੀ ਦਾ ਨਾਮ “ਯਿਸੂ” ਹੈ। ਵੇਖੋ, ਪ੍ਰਭੂ ਯਿਸੂ ਮਸੀਹ ਜੀ ਨੇ ਯੂਹੰਨਾ 3:11–18, 10:30, 12:45, 14:6–9 ਅਤੇ 14:21–23 ਵਿੱਚ ਆਖਿਆ ਹੈ ਕਿ ਮੈਂ ਸੱਚ ਸੱਚ ਆਖਦਾ ਹਾਂ ਕਿ ਜਿਹੜੀ ਗੱਲ ਅਸੀਂ (ਪਿਤਾ, ਪੁੱਤਰ, ਪਵਿੱਤਰ ਆਤਮਾ) ਜਾਣਦੇ ਹਾਂ ਸੋਈ ਕਹਿੰਦੇ ਹਾਂ ਅਤੇ ਜੋ ਅਸਾਂ (ਪਿਤਾ, ਪੁੱਤਰ, ਪਵਿੱਤਰ ਆਤਮਾ) ਵੇਖਿਆ ਹੈ ਉਸੇ ਦੀ ਗਵਾਹੀ ਦਿੰਦੇ ਹਾਂ ਅਤੇ ਤੁਸੀਂ ਸਾਡੀ ਸਾਖੀ ਨਹੀਂ ਮੰਨਦੇ। ਮੈਂ ਅਤੇ ਪਿਤਾ ਇੱਕੋ (One) ਹਾਂ। ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ। ਪਹਿਲੇ ਯੂਹੰਨਾ 2:12–13, 2:22–23, 3:1–3, 5:11–13 ਅਤੇ 5:20 ਵਿੱਚ ਲਿਖਿਆ ਹੈ ਕਿ ਝੂਠਾ ਕੌਣ ਹੈ ਉਹ ਜਿਹੜਾ ਯਿਸੂ ਤੋਂ ਇਨਕਾਰ ਕਰਦਾ ਹੈ ਭਈ ਉਹ ਮਸੀਹ ਨਹੀਂ ? ਉਹੋ ਮਸੀਹ ਦਾ ਵਿਰੋਧੀ ਹੈ ਜਿਹੜਾ ਯਿਸੂ ਨੂੰ ਪੁੱਤਰ ਅਤੇ ਪਿਤਾ ਮੰਨਣ ਤੋਂ ਇਨਕਾਰ ਕਰਦਾ ਹੈ। ਹਰੇਕ ਜੋ ਪੁੱਤਰ ਦਾ ਇਨਕਾਰ ਕਰਦਾ ਹੈ ਪਿਤਾ ਉਹ ਦੇ ਕੋਲ ਨਹੀਂ। ਅਤੇ ਜੋ ਪੁੱਤਰ ਨੂੰ ਮੰਨ ਲੈਂਦਾ ਹੈ ਪਿਤਾ ਉਹ ਦੇ ਕੋਲ ਹੈ। ਅਸੀਂ ਜਾਣਦੇ ਹਾਂ ਜੋ ਪ੍ਰਮੇਸ਼ਰ ਦਾ ਪੁੱਤਰ ਆਇਆ ਅਤੇ ਸਾਨੂੰ ਬੁੱਧੀ ਦਿੱਤੀ ਹੈ ਭਈ ਅਸੀਂ ਉਸ ਸੱਚੇ ਨੂੰ ਜਾਣੀਏ ਅਤੇ ਅਸੀਂ ਉਸ ਸੱਚੇ ਵਿੱਚ ਅਰਥਾਤ ਉਹ ਦੇ ਪੁੱਤਰ ਯਿਸੂ ਮਸੀਹ ਵਿੱਚ ਹਾਂ। ਇਹੋ ਸੱਚਾ ਪ੍ਰਮੇਸ਼ਰ ਅਤੇ ਸਦੀਪਕ ਜੀਵਨ ਹੈ॥

## ਸਵਾਲ: ਕੀ ਇਹ ਸੱਚ ਹੈ ਜੇ ਕੋਈ ਮਸੀਹੀ ਹੋਣ ਕਰਕੇ ਦੁੱਖ ਪਾਵੇ ਤਾਂ ਲੱਜਿਆਵਾਨ ਨਾ ਹੋਵੇ ਸਗੋਂ ਯਿਸੂ ਨਾਮ ਦੇ ਕਾਰਨ ਪ੍ਰਮੇਸ਼ਰ ਦੀ ਵੱਡਿਆਈ ਕਰੇ ਕਿਉਂ ਜੋ ਤੇਜ ਦਾ ਅਤੇ ਪ੍ਰਮੇਸ਼ਰ ਯਿਸੂ ਜੀ ਦਾ ਆਤਮਾ ਉਸ ਉੱਤੇ ਠਹਿਰਦਾ ਹੈ?

**ਜਵਾਬ:** ਜੀ ਹਾਂ ! ਪ੍ਰਭੂ ਯਿਸੂ ਮਸੀਹ ਜੀ ਨੇ ਮੱਤੀ 18:20, 23:9–10, ਦੂਸਰੇ ਇਤਹਾਸ 7:12–22, ਯੂਹੰਨਾ 14:13–14, 15:7–11, 15:16–27 ਅਤੇ 16:23–26 ਵਿੱਚ ਆਪਣੇ ਚੇਲਿਆਂ ਨੂੰ ਆਖਿਆ ਹੈ ਕਿ ਜਿੱਥੇ ਦੋ ਜਾਂ ਤਿੰਨ ਮੇਰੇ ਨਾਮ ਵਿੱਚ ਇਕੱਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿੱਚਕਾਰ ਹਾਂ। ਧਰਤੀ ਉੱਤੇ ਕਿਸੇ ਨੂੰ ਪਿਤਾ ਨਾ ਆਖੋ ਕਿਉਂ ਜੋ ਤੁਹਾਡਾ ਪਿਤਾ ਇੱਕੋ ਹੈ ਜਿਹੜਾ ਅਕਾਸ਼ ਉੱਤੇ ਹੈ। ਅਤੇ ਜੇ ਮੇਰੀ ਪਰਜਾ ਜਿਹੜੀ ਮੇਰੇ ਨਾਮ ਤੇ ਅਖਵਾਉਂਦੀ ਹੈ ਅਧੀਨ ਹੋ ਕੇ ਪ੍ਰਾਰਥਨਾ ਕਰੇ ਅਤੇ ਮੇਰੇ ਦਰਸ਼ਨ ਦੀ ਚਾਹਵਾਨ ਹੋਵੇ ਅਤੇ ਆਪਣੇ ਭੈੜੇ ਰਾਹ ਤੋਂ ਮੁੜੇ ਤਾਂ ਮੈਂ ਸੁਰਗ ਉੱਤੋਂ ਸੁਣ ਕੇ ਉਨ੍ਹਾਂ ਦੇ ਪਾਪ ਖਿਮਾ ਕਰਾਂਗਾ। ਅਤੇ ਜੇ ਤੁਸੀਂ “ਮੇਰਾ ਨਾਮ” ਲੈ ਕੇ “ਮੈਥੋਂ” ਕੁਝ ਮੰਗੋਗੇ ਤਾਂ “ਮੈਂ” ਉਹੋ ਕਰਾਂਗਾ। ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹੇ ਤਾਂ ਜੋ ਤੁਸੀਂ “ਮੇਰਾ ਨਾਮ” ਲੈ ਕੇ ਜੋ ਕੁਝ “ਪਿਤਾ” ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੇ ਤੁਸੀਂ “ਪਿਤਾ” ਕੋਲੋਂ ਕੁਝ ਮੰਗੋ ਤਾਂ ਉਹ “ਮੇਰੇ ਨਾਮ” ਕਰਕੇ ਤੁਹਾਨੂੰ ਦੇਵੇਗਾ। ਪ੍ਰਕਾਸ਼ ਦੀ ਪੌਥੀ 3:7–13, 22:3–4 ਅਤੇ 22:12–20 ਵਿੱਚ ਫ਼ਿਲਦਲਫ਼ੀਏ ਦੀ ਕਲੀਸਿਯਾ ਦੇ ਦੂਤ ਨੂੰ ਆਖਿਆ ਹੈ, ਵੇਖ, ਮੈਂ ਤੇਰੇ ਸਾਹਮਣੇ ਇੱਕ ਖੁਲ੍ਹਾ ਹੋਇਆ ਬੂਹਾ ਜਿਹੜਾ ਕਿਸੇ ਤੋਂ ਬੰਦ ਨਹੀਂ ਹੁੰਦਾ ਧਰਿਆ ਹੈ ਇਸ ਲਈ ਜੋ ਤੈਨੂੰ ਕੁਝ ਸਮਰੱਥਾ ਹੈ ਅਤੇ “ਤੈਂ ਮੇਰੇ ਬਚਨ ਦੀ ਪਾਲਨਾ ਕੀਤੀ ਅਤੇ ਮੇਰੇ ਨਾਮ ਤੋਂ ਇਨਕਾਰ ਨਹੀਂ ਕੀਤਾ।” ਵੇਖ, ਮੈਂ ਸ਼ੈਤਾਨ ਦੀ ਮੰਡਲੀ ਵਿੱਚੋਂ ਅਰਥਾਤ ਉਨ੍ਹਾਂ ਵਿੱਚੋਂ ਜਿਹੜੇ ਯਹੂਦੀ ਦੱਸਦੇ ਹਨ ਅਤੇ ਨਹੀਂ ਹਨ ਸਗੋਂ ਝੂਠ ਮਾਰਦੇ ਹਨ ਕਿੰਨਿਆਂ ਨੂੰ ਤੇਰੇ ਗੋਚਰੇ ਕਰਦਾ ਹਾਂ। ਵੇਖ, ਮੈਂ ਅਜੇਹਾ ਕਰਾਂਗਾ ਭਈ ਉਹ ਆਉਣਗੇ ਅਤੇ ਤੇਰੇ ਪੈਰਾਂ ਦੇ ਅੱਗੇ ਮੱਥਾ ਟੇਕਣਗੇ ਅਤੇ ਜਾਣ ਲੈਣਗੇ ਜੋ ਮੈਂ ਤੇਰੇ ਨਾਲ ਪਿਆਰ ਕੀਤਾ। ਤੈਂ ਜੋ ਮੇਰੇ ਧੀਰਜ ਦੇ ਬਚਨ ਦੀ ਰੱਛਿਆ ਕੀਤੀ ਤਾਂ ਮੈਂ ਵੀ ਪਰਤਾਵੇ ਦੇ ਉਸ ਸਮੇਂ ਤੋਂ ਜੋ ਧਰਤੀ ਦੇ ਵਾਸੀਆਂ ਦੇ ਪਰਤਾਉਣ ਲਈ ਸਾਰੇ ਸੰਸਾਰ ਉੱਤੇ ਆਉਣ ਵਾਲਾ ਹੈ ਤੇਰੀ ਰੱਛਿਆ ਕਰਾਂਗਾ। ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ ਤਕੜਾਈ ਨਾਲ ਫੜੀ ਰੱਖ ਕਿਤੇ ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ। ਜਿਹੜਾ ਜਿੱਤਣ ਵਾਲਾ ਹੈ ਉਸ ਉੱਤੇ ਮੈਂ ਆਪਣੇ ਪ੍ਰਮੇਸ਼ਰ ਦਾ ਨਾਮ ਅਤੇ ਪਵਿੱਤਰ ਨਗਰੀ ਨਵੀਂ ਯਰੂਸ਼ਲਮ ਦਾ ਨਾਮ ਅਤੇ ਆਪਣਾ ਨਵਾਂ ਨਾਮ ਲਿਖਾਂਗਾ। ਉਹ ਦੇ (ਪ੍ਰਭੂ ਯਿਸੂ ਮਸੀਹ ਦੇ) ਦਾਸ ਉਹ ਦੀ ਉਪਾਸਨਾ ਕਰਨਗੇ। ਉਹ ਦਾ ਦਰਸ਼ਨ ਪਾਉਣਗੇ ਅਤੇ ਉਹ ਦਾ ਨਾਮ ਉਨ੍ਹਾਂ ਦੇ ਮੱਥਿਆਂ ਉੱਤੇ ਹੋਵੇਗਾ। “ਮੈਂ ਯਿਸੂ” ਨੇ ਕਲੀਸਿਯਾਂ ਦੇ ਲਈ ਇਨ੍ਹਾਂ ਗੱਲਾਂ ਦੀ ਸਾਖੀ ਦੇਣ ਲਈ ਤੁਹਾਡੇ ਕੋਲ ਆਪਣਾ ਦੂਤ ਘੱਲਿਆ ਹੈ। ਮੈਂ ਦਾਊਦ ਦੀ ਜੜ੍ਹ ਅਤੇ ਅੰਸ ਹਾਂ। ਮੈਂ ਸਵੇਰੇ ਦਾ ਉੱਜਲ ਤਾਰਾ ਹਾਂ। ਜੇ ਕੋਈ ਮੇਰੇ ਬਚਨਾਂ ਵਿੱਚ ਕੁਝ ਵਧਾਵੇ ਤਾਂ ਮੈਂ ਉਸ ਉੱਤੇ ਇਸ ਪੋਥੀ ਦੀਆਂ ਅਗੰਮਬਾਣੀਆਂ ਵਿੱਚ ਲਿਖੀਆਂ ਮੁਸੀਬਤਾਂ ਵਧਾਵਾਂਗਾ ਅਤੇ ਜੇ ਕੋਈ ਕੁਝ ਘਟਾਵੇਗਾ ਤਾਂ ਜੀਵਨ ਦੇ ਬਿਰਛ ਤੋਂ ਅਤੇ ਪਵਿੱਤਰ ਨਗਰੀ ਯਰੂਸ਼ਲਮ ਵਿੱਚੋਂ ਮੈਂ ਉਹ ਦਾ ਹਿੱਸਾ ਘਟਾਵਾਂਗਾ। ਦੂਸਰੇ ਥੱਸਲੁਨੀਕੀਆਂ 1:5–12 ਅਤੇ ਪਹਿਲੇ ਪਤਰਸ 4:14–16 ਵਿੱਚ ਲਿਖਿਆ ਹੈ ਕਿ ਇਹ ਪ੍ਰਮੇਸ਼ਰ ਯਿਸੂ ਮਸੀਹ ਜੀ ਦੇ ਜਥਾਰਥ ਨਿਆਉਂ ਦਾ ਪਰਮਾਣ ਹੈ ਭਈ ਤੁਸੀਂ ਪ੍ਰਮੇਸ਼ਰ ਦੇ ਰਾਜ ਦੇ ਜੋਗ ਗਿਣੇ ਜਾਉ ਜਿਹਦੇ ਲਈ ਤੁਸੀਂ ਦੁੱਖ ਭੋਗਦੇ ਹੋ ਉਹ ਤੁਹਾਨੂੰ ਸੁੱਖ ਦੇਵੇ ਕਿਉਂ ਜੋ ਪ੍ਰਭੂ ਯਿਸੂ ਮਸੀਹ ਜੀ ਆਪਣੇ ਦੂਤਾਂ ਨਾਲ ਭੜਕਦੀ ਅੱਗ ਵਿੱਚ ਅਕਾਸ਼ੋਂ ਪ੍ਰਗਟ ਹੋਵੇਗਾ ਭਈ ਜਿਹੜੇ ਪ੍ਰਮੇਸ਼ਰ ਨੂੰ ਨਹੀਂ ਜਾਣਦੇ ਅਤੇ ਪ੍ਰਭੂ ਯਿਸੂ ਮਸੀਹ ਜੀ ਦੀ ਇੰਜ਼ੀਲ ਨੂੰ ਨਹੀਂ ਮੰਨਦੇ ਅਤੇ ਤੁਹਾਨੂੰ ਦੁੱਖ ਦਿੰਦੇ ਹਨ ਉਨ੍ਹਾਂ ਨੂੰ ਸਜ਼ਾ ਦੇਵੇ ਤਾਂ ਜੋ ਸਾਡੇ ਪ੍ਰਮੇਸ਼ਰ ਅਤੇ ਪ੍ਰਭੂ ਯਿਸੂ ਮਸੀਹ ਦੀ ਕ੍ਰਿਪਾ ਦੇ ਅਨੁਸਾਰ ਤੁਹਾਡੇ ਵਿੱਚ ਪ੍ਰਭੂ ਯਿਸੂ ਮਸੀਹ ਜੀ ਦਾ ਨਾਮ ਵੱਡਿਆਇਆ ਜਾਵੇ ਅਤੇ ਉਸ ਦੇ ਵਿੱਚ ਤੁਸੀਂ ਵੀ। ਜੇ ਪ੍ਰਭੂ ਯਿਸੂ ਮਸੀਹ ਜੀ ਦੇ ਨਾਮ ਦੇ ਕਾਰਨ ਤੁਹਾਨੂੰ ਬੋਲੀਆਂ ਵੱਜਣ ਤਾਂ ਤੁਸੀਂ ਧੰਨ ਹੋ ਇਸ ਲਈ ਜੋ ਤੇਜ ਦਾ ਅਤੇ ਪ੍ਰਮੇਸ਼ਰ ਯਿਸੂ ਮਸੀਹ ਜੀ ਦਾ ਆਤਮਾ ਤੁਹਾਡੇ ਉੱਤੇ ਠਹਿਰਦਾ ਹੈ। ਜੇ ਕੋਈ ਮਸੀਹੀ ਹੋਣ ਕਰਕੇ ਦੁੱਖ ਪਾਵੇ ਤਾਂ ਲੱਜਿਆਵਾਨ ਨਾ ਹੋਵੇ ਸਗੋਂ ਯਿਸੂ ਨਾਮ ਦੇ ਕਾਰਨ ਪ੍ਰਮੇਸ਼ਰ ਯਿਸੂ ਮਸੀਹ ਜੀ ਦੀ ਵੱਡਿਆਈ ਕਰੇ। ਆਮੀਨ